# ਦਫ਼ਤਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਸਧਾਰਨ ਮੀਟਿੰਗ ਮਿਤੀ: 21-03-2022 ਨੂੰ ਸਮਾਂ ਦੁਪਹਿਰ 11:30 ਵਜੇ ਸ੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 42 | ਸ੍ਰੀ ਅਮਰੀਕ ਸਿੰਘ ਸੋਮਲ, ਸੀਨੀਅਰ ਡਿਪਟੀ ਮੇਅਰ | 18 | ਸ੍ਰੀ ਕੁਲਵੰਤ ਸਿੰਘ ਕਲੇਰ | 35 | ਸ੍ਰੀ ਅਰੁਨਾ ਸ਼ਰਮਾ |
| 8 | ਸ੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ | 21 | ਸ੍ਰੀਮਤੀ ਹਰਸ਼ਪ੍ਰੀਤ ਕੋਰ ਭੰਮਰਾ | 36 | ਸ੍ਰੀ ਪ੍ਰਮੋਦ ਕੁਮਾਰ |
| 1 | ਸ੍ਰੀਮਤੀ ਜਸਪ੍ਰੀਤ ਕੋਰ | 22 | ਸ੍ਰੀ ਜਸਬੀਰ ਸਿੰਘ ਮੰਣਕੂ | 37 | ਸ੍ਰੀਮਤੀ ਗੁਰਪ੍ਰੀਤ ਕੋਰ |
| 2 | ਸ੍ਰੀ ਮਨਜੀਤ ਸਿੰਘ ਸੇਠੀ | 23 | ਸ੍ਰੀਮਤੀ ਜਤਿੰਦਰ ਕੋਰ | 38 | ਸ੍ਰੀ ਸਰਬਜੀਤ ਸਿੰਘ |
| 3 | ਸ੍ਰੀ ਮਤੀ ਦਵਿੰਦਰ ਕੋਰ ਵਾਲਿਆ | 24 | ਸ੍ਰੀ ਚਰਨ ਸਿੰਘ ਮਾਸਟਰ | 39 | ਸ੍ਰੀਮਤੀ ਕਰਮਜੀਤ ਕੋਰ |
| 4 | ਸ੍ਰੀ ਰਜਿੰਦਰ ਸਿੰਘ ਰਾਣਾ | 25 | ਸ੍ਰੀ ਮਨਜੀਤ ਕੋਰ | 40 | ਸ੍ਰੀ ਸੁੱਚਾ ਸਿੰਘ ਕਲੋੜ |
| 5 | ਸ੍ਰੀਮਤੀ ਰੁਪਿੰਦਰ ਕੋਰ ਰੀਨਾ | 26 | ਸ੍ਰੀ ਰਵਿੰਦਰ ਸਿੰਘ | 41 | ਸ੍ਰੀਮਤੀ ਕੁਲਵੰਤ ਕੋਰ |
| 7 | ਸ੍ਰੀਮਤੀ ਬਲਜੀਤ ਕੋਰ | 27 | ਸ੍ਰੀਮਤੀ ਪਰਵਿੰਦਰ ਕੋਰ | 43 | ਸ੍ਰੀਮਤੀ ਹਰਵਿੰਦਰ ਕੋਰ |
| 9 | ਸ੍ਰੀਮਤੀ ਬਲਰਾਜ ਕੋਰ | 28 | ਸ੍ਰੀਮਤੀ ਰਮਨਪ੍ਰੀਤ ਕੋਰ | 44 | ਸ੍ਰੀ ਜਗਦੀਸ ਸਿੰਘ |
| 11 | ਸ੍ਰੀਮਤੀ ਅਨੁਰਾਧਾ ਆਨੰਦ ਅੰਨੁ | 29 | ਸ੍ਰੀਮਤੀ ਕੁਲਦੀਪ ਕੋਰ | 45 | ਸ੍ਰੀਮਤੀ ਮੀਨਾ ਕੌਂਡਲ |
| 12 | ਸ੍ਰੀ ਪਰਮਜੀਤ ਸਿੰਘ ਹੈਪੀ | 30 | ਸ੍ਰੀ ਵਿਨੀਤ ਮਲਿਕ | 46 | ਸ੍ਰੀ ਰਵਿੰਦਰ ਸਿੰਘ |
| 13 | ਸ੍ਰੀਮਤੀ ਨਮਰਤਾ ਸਿੰਘ | 31 | ਸ੍ਰੀਮਤੀ ਕੁਲਜਿੰਦਰ ਕੋਰ | 47 | ਸ੍ਰੀਮਤੀ ਸੁਮਨ |
| 14 | ਸ੍ਰੀ ਕਮਲਪ੍ਰੀਤ ਸਿੰਘ ਬਨੀ | 32 | ਸ੍ਰੀ ਹਰਜੀਤ ਸਿੰਘ ਬੈਦਵਾਨ | 49 | ਸ੍ਰੀਮਤੀ ਗੁਰਪ੍ਰੀਤ ਕੋਰ |
| 16 | ਸ੍ਰੀ ਨਰਪਿੰਦਰ ਸਿੰਘ ਰੰਗੀ | 33 | ਸ੍ਰੀਮਤੀ ਹਰਜਿੰਦਰ ਕੋਰ ਬੈਦਵਾਨ | 50 | ਸ੍ਰੀਮਤੀ ਗੁਰਮੀਤ ਕੌਰ |
| 17 | ਸ੍ਰੀਮਤੀ ਰਾਜਵੀਰ ਕੌਰ ਗਿੱਲ | 34 | ਸ੍ਰੀ ਸੁਖਦੇਵ ਸਿੰਘ | | |

| Sr. No. | Resolution No. | Date of Meeting | Resolution Description | Orders of Competent Authority |
|---|---|---|---|---|
| 1) | 110 | 21-03-2022 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ: 10-01-2022 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 2) | 111 | 21-03-2022 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ: 17-03-2022 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 3) | 112 | 21-03-2022 | **ਸ਼੍ਰੀ ਅਵਤਾਰ ਸਿੰਘ-1 ਪੁੱਤਰ ਸ਼੍ਰੀ ਮਹਿਮਾ ਸਿੰਘ, ਸ਼੍ਰੀ ਅਵਤਾਰ ਸਿੰਘ-2 ਪੁੱਤਰ ਪਿਆਰਾ ਸਿੰਘ ਅਤੇ ਸ਼੍ਰੀ ਗੁਰਿੰਦਰ ਸਿੰਘ ਪੁੱਤਰ ਸ਼੍ਰੀ ਰਾਜਪਾਲ ਸਿੰਘ ਲੁਧਿਆਣਾ ਦੀ ਬਦਲੀ ਨਗਰ ਨਿਗਮ, ਐਸ.ਏ.ਐਸ ਵਿਖੇ ਕਰਨ ਸਬੰਧੀ।**<br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋ ਨਗਰ ਨਿਗਮ, ਲੁਧਿਆਣਾ ਵਿਖੇ ਕੰਮ ਕਰਦੇ ਅਪੰਗ ਸਫਾਈ ਸੇਵਕਾ ਦੀ ਬਦਲੀ ਟੇਬਲ ਵਿੱਚ ਦਰਸਾਏ ਪੱਤਰ ਅਤੇ ਕਰਮਚਾਰੀਆ ਦੇ ਨਾਵਾਂ ਅਨੁਸਾਰ ਨਗਰ ਨਿਗਮ, ਲੁਧਿਆਣਾ ਤੋਂ ਨਗਰ ਨਿਗਮ, ਐਸ.ਏ.ਐਸ ਨਗਰ ਵਿਖੇ ਕੀਤੀਆਂ ਗਈਆ ਹਨ:- | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| ਲੜੀ ਨੰ | ਕਰਮਚਾਰੀ ਦਾ ਨਾ | ਡ.ਸ.ਸ ਦੇ ਬਦਲੀ ਦੇ ਹੁਕਮ ਨੰ ਅਤੇ ਮਿਤੀ | ਬਦਲੀ ਤੋਂ ਪਹਿਲਾ ਤੈਨਾਤੀ ਦਾ ਸਥਾਨ | ਮੌਜੂਦਾ ਤੈਨਾਤੀ ਦਾ ਸਥਾਨ |
|---|---|---|---|---|
| 1 | ਸ੍ਰੀ ਅਵਤਾਰ ਸਿੰਘ-1 ਪੁੱਤਰ ਸ੍ਰੀ ਮਹਿਮਾ ਸਿੰਘ | ਭਰਤੀ ਸੈਲ-ਡਸਸ-2021/57 ਮਿਤੀ-28.12.2021 | ਨਗਰ ਨਿਗਮ, ਲੁਧਿਆਣਾ | ਐਸ.ਏ.ਐਸ ਨਗਰ (ਮੋਹਾਲੀ) |
| 2 | ਸ੍ਰੀ ਅਵਤਾਰ ਸਿੰਘ-2 ਪੁੱਤਰ ਪਿਆਰਾ ਸਿੰਘ | ਭਰਤੀ ਸੈਲ-ਡਸਸ-2021/57 ਮਿਤੀ-28.12.2021 | ਨਗਰ ਨਿਗਮ, ਲੁਧਿਆਣਾ | ਐਸ.ਏ.ਐਸ ਨਗਰ (ਮੋਹਾਲੀ) |
| 3 | ਸ੍ਰੀ ਗੁਰਿੰਦਰ ਸਿੰਘ ਪੁੱਤਰ ਸ੍ਰੀ ਰਾਜਪਾਲ ਸਿੰਘ | ਭਰਤੀ ਸੈਲ-ਡਸਸ-63 ਮਿਤੀ-28.12.2021 | ਨਗਰ ਨਿਗਮ, ਲੁਧਿਆਣਾ | ਐਸ.ਏ.ਐਸ ਨਗਰ (ਮੋਹਾਲੀ) |

ਉਕਤ ਸਬੰਧੀ ਦੱਸਿਆ ਜਾਦਾ ਹੈ ਕਿ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਲੁਧਿਆਣਾ ਜੀ ਵੱਲੋਂ ਪੱਤਰ ਨੰ-609 ਮਿਤੀ-06.01.2022 ਰਾਹੀ ਸ੍ਰੀ ਅਵਤਾਰ ਸਿੰਘ-1 ਪੁੱਤਰ ਸ੍ਰੀ ਮਹਿਮਾ ਸਿੰਘ, ਸ੍ਰੀ ਅਵਤਾਰ ਸਿੰਘ-2 ਪੁੱਤਰ ਪਿਆਰਾ ਸਿੰਘ ਅਤੇ ਸ੍ਰੀ ਗੁਰਿੰਦਰ ਸਿੰਘ ਪੁੱਤਰ ਸ੍ਰੀ ਰਾਜਪਾਲ ਸਿੰਘ ਨੂੰ ਪੱਤਰ ਨੰ-611 ਮਿਤੀ-06.01.2022 ਰਾਹੀ ਰਲੀਵ ਕਰ ਦਿੱਤਾ ਗਿਆ ਸੀ। ਇਹਨਾ ਕਰਮਚਾਰੀਆ ਵੱਲੋ ਮਿਤੀ-07.01.2022 ਨੂੰ ਦੁਪਹਿਰ ਤੋਂ ਪਹਿਲਾ ਇਸ ਨਗਰ ਨਿਗਮ ਵਿਖੇ ਆਪਣੀ ਹਾਜਰੀ ਰਿਪੋਰਟ ਪੇਸ਼ ਕਰ ਦਿੱਤੀ ਸੀ।

ਉਕਤ ਕਰਮਚਾਰੀਆ ਦੀ ਬਦਲੀ ਕਰਦੇ ਹੋਏ ਮਾਨਯੋਗ ਡਾਇਰੈਕਰਟ, ਸਥਨਾਕ ਸਰਕਾਰ ਜੀ ਵੱਲੋਂ ਲਿਖਿਆ ਗਿਆ ਸੀ ਕਿ ਇਹਨਾਂ ਕਰਮਚਾਰੀਆ ਦੀ ਬਦਲੀ ਇਸ ਸ਼ਰਤ ਤੇ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ਕਿ ਇਸ ਬਦਲੀ ਦੀ ਕਾਰਜ ਬਾਅਦ ਪ੍ਰਵਾਨਗੀ ਮਤੇ ਦੇ ਰੂਪ ਵਿੱਚ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪ੍ਰਵਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਹਨਾਂ ਕਰਮਚਾਰੀਆਂ ਨੂੰ ਤੁਰੰਤ ਜੁਆਇਨੰ ਕਰਵਾਇਆ ਜਾਵੇ। ਇਸ ਸਬੰਧੀ ਦੱਸਣ ਯੋਗ ਹੈ ਕਿ ਸਫਾਈ ਕਰਮਚਾਰੀ ਦਰਜਾ-4 ਦੀ ਗੈਰ ਪ੍ਰਾਂਤੀਕਰਨ ਆਸਾਮੀ ਹੈ, ਜਿਸ ਦੀ ਨਿਯੁਕਤੀਕਰਤਾ ਅਥਾਰਟੀ ਨਗਰ ਨਿਗਮ ਹੈ। ਇਸ ਲਈ ਇਹਨਾਂ ਕਰਮਚਾਰੀਆ ਦੀ ਬਦਲੀ ਨਗਰ ਨਿਗਮ, ਲੁਧਿਆਣਾ ਤੋ ਇਸ ਨਗਰ ਨਿਗਮ ਵਿਖੇ ਹੋਣ ਸਬੰਧੀ ਕਾਰਜ ਬਾਦ ਪ੍ਰਵਾਨਗੀ ਲਈ ਕੇਸ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕਰਨਾ ਬਣਦਾ ਹੈ।

ਇਸ ਲਈ ਕੇਸ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ

| | | | | |
|---|---|---|---|---|
| | | | ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 4) | 113 | 21-03-2022 | **ਐਸ.ਏ.ਐਸ.ਨਗਰ (ਮੋਹਾਲੀ) ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਪੀਣ ਵਾਲੇ ਪਾਣੀ ਦੀ ਬਰਬਾਦੀ ਨੂੰ ਰੋਕਣ ਲਈ ਸਵੇਰ ਦੀ ਜਲ ਸਪਲਾਈ ਦੇ ਸਮੇ ਕਾਰਾਂ ਤੇ ਵੇਹੜੇ ਧੋਣ , ਬੂਟਿਆਂ ਨੂੰ ਪਾਣੀ ਲਗਾਉਣ ਆਦਿ ਉਪਰ ਮਨਾਹੀਜਪਾਬੰਦੀ ਲਗਾਉਣ ਬਾਰੇ ।**<br>ਰਿਪੋਰਟ ਇੰਜ: ਸਾਖਾ (O&M) ਕਿ ਕਾਰਜਕਾਰੀ ਇੰਜਨੀਅਰ ਜਲ ਸਪਲਾਈ ਤੇ ਸੈਨੀਟੇਸਨ ਮੰਡਲ ਨੰ; 2 ਮੋਹਾਲੀ ਵਲੋ ਐਸ.ਏ.ਐਸ.ਨਗਰ (ਮੋਹਾਲੀ) ਸਹਿਰ ਦੇ ਫੇਜ-1 ਤੋ11, ਸੈਕਟਰ 70,71 ਅਤੇ 48-ਸੀ , ਇੰਡਸਟਰੀਅਲ ਖੇਤਰ ਫੇਜ-1 ਤੋ 5 , ਪਿੰਡ ਮਟੌਰ , ਪਿੰਡ ਸਾਹੀ ਮਾਜਰਾ ਅਤੇ ਪਿੰਡ ਮਦਨਪੁਰਾ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰਬੰਧ, ਦੇਖਰੇਖ ਅਤੇ ਸੰਚਾਲਣ ਕੀਤਾ ਜਾ ਰਿਹਾ ਹੈ । ਸੈਕਟਰ-65ਏ (ਬਲਕ ਮੈਟੀਰੀਅਲ ਮਾਰਕਿਟ), ਸੈਕਟਰ–66 ਤੋ 69, ਸੈਕਟਰ 76 ਤੋ 80, ਇੰਡ.ਏਰੀਆ ਫੇਜ 8ਏ, 8ਬੀ, 6 ਤੋ 9 ਅਤੇ ਮੋਹਾਲੀ ਪਿੰਡ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰਬੰਧ, ਦੇਖਰੇਖ ਅਤੇ ਸੰਚਾਲਣ ਨਗਰ ਨਿਗਮ ਵੱਲੋ ਕੀਤਾ ਜਾ ਰਿਹਾ ਹੈ । ਪਿੰਡ ਸੋਹਾਣਾ ਅਤੇ ਕੁੰਬੜਾ ਦੀ ਵਜਸ ਅਤੇ ਸੀਵਰੇਜ ਦੀ ਦੇਖਭਾਲ ਜਲ ਸਪਲਾਈ ਅਤੇ ਸੈਨੀਟੇਸਨ ਮੰਡਲ ਨੰ: 3 ਮੋਹਾਲੀ ਵਲੋ ਕੀਤੀ ਜਾਂਦੀ ਹੈ। ਅਕਸਰ ਦੇਖਣ ਵਿੱਚ ਆਇਆ ਹੈ ਕਿ ਪਾਣੀ ਦੀ ਦੁਰਵਰਤੋਂ ਕਰਦੇ ਹੋਏ ਗੱਡੀਆਂ ਧੋ ਧੁਆਈ ਅਤੇ ਬਗੀਚਿਆਂ ਵਿੱਚ ਪਾਣੀ ਦੀ ਪਾਈਪ ਲਗਾਕੇ ਪਾਣੀ ਦੀ ਦੁਰਵਰਤੋ ਕੀਤੀ ਜਾਂਦੀ ਹੈ। ਜਿਸ ਅਨੁਸਾਰ ਪਾਣੀ ਦੀ ਦੁਰਵਰਤੋਂ ਕੁਝ ਹੱਦ ਤੱਕ ਰੋਕਣ ਲਈ ਇਸ ਦਫਤਰ ਵਲੋ ਤਜਵੀਜਤ ਕੀਤਾ ਜਾਂਦਾ ਹੈ ਕਿ ਸਵੇਰੇ ਦੀ ਜਲ ਸਪਲਾਈ ਦੌਰਾਨ ਪਾਣੀ ਬਰਬਾਦੀ ਰੋਕਣ ਲਈ ਕੁਝ ਪਾਬੰਦੀਆਂ ਲਗਾਈਆਂ ਜਾਣ ਤਾਂ ਜੋ ਪਾਣੀ ਦੀ ਸਹੀ ਢੰਗ ਨਾਲ ਵਰਤੋ ਹੋ ਸਕੇ ਅਤੇ ਘੱਟੋ ਘੱਟ ਸਵੇਰ ਦੇ ਸਮੇ ਪੀਣ ਵਾਲਾ ਪਾਣੀ ਹਰ ਮੰਜਿਲ ਉਪਰ ਅੱਪੜ ਸਕੇ ਅਤੇ ਸਹਿਰ ਵਸਨੀਕਾਂ ਨੂੰ ਪਾਣੀ ਦੀ ਤੰਗੀ ਮਹਿਸੂਸ ਨਾ ਹੋਵੇ । ਇਸ ਲਈ ਪਾਣੀ ਦੀ ਦੁਰਵਰਤੋ ਨੂੰ ਧਿਆਨ ਵਿਚ ਰੱਖਦੇ ਹੋਏ ਸਵੇਰ ਦੀ ਜਲ ਸਪਲਾਈ ਦੌਰਾਨ ਹੇਠ ਲਿਖੇ ਅਨੁਸਾਰ ਸਖਤ ਮਨਾਹੀ ਕਰਨ ਦੀ ਤਜਵੀਜ ਹੈ:-<br>**1. ਘਰ ਵਿਚ ਬਗੀਚਿਆਂਜ ਗਮਲਿਆਂ ਆਦਿ ਨੂੰ ਪਾਣੀ ਸਵੇਰੇ 5 ਵਜੇ ਤੋ ਸਾਮ 5 ਵਜੇ ਤੱਕ ਪਾਈਪ ਲਗਾ ਕੇ ਲਗਾਉਣਾ ।**<br>**2. ਸਕੂਟਰਜਕਾਰਾਂ ਜਾਂ ਹੋਰ ਗੱਡੀਆਂ ਦਾ ਟੂਟੀ ਉਪਰ ਪਾਈਪ ਲਗਾ ਕੇ ਧੌਣਾ।**<br>**3. ਵੇਹੜੇਜਫਰਸਜ ਬਾਲਕੋਨੀਜਸੜਕਾਂ ਆਦਿ ਦਾ ਧੌਣਾ ।**<br>**4. ਟੂਲੂ ਪੰਪ ਦੀ ਸਿੱਧੇ ਪਾਈਪ ਲਾਈਨ ਉਪਰ ਲਗਾ ਕੇ ਵਰਤੋ ਕਰਨਾ ।**<br>**5. ਫਰੂਲ ਤੋ ਮੀਟਰ ਤੱਕ ਪਾਈਪ ਵਿਚ ਕੋਈ ਵੀ ਲੀਕੇਜ ।**<br>**6. ਘਰ ਦੇ ਛੱਤ ਉਪਰ ਰੱਖੇ ਗਏ ਟੈਂਕ ਜ ਡੈਜਰਟ ਕੂਲਰਾਂ ਦਾ ਓਵਰ ਫਲੋਅ ਕਰਨਾ ।**<br>ਉਪਰੋਕਤ ਮਨਾਹੀਜਪਾਬੰਦੀ ਨੂੰ ਲਾਗੂ ਕਰਨ ਲਈ ਹੇਠ ਲਿਖੇ ਅਨੁਸਾਰ ਵਿਧੀ ਅਪਣਾਉਣੀ ਵਾਜਿਬ ਹੋਵੇਗੀ ਜੀ:–<br>**1. ਪਹਿਲੀ ਉਲੰਘਣਾ ਉਪਰ ਖਪਤਕਾਰ ਨੂੰ 1000ਜ- ਰੁਪੈ ਦਾ ਜੁਰਮਾਨਾ ਕੀਤਾ ਜਾਵੇਗਾ।**<br>**2. ਦੂਸਰੀ ਉਲੰਘਣਾ ਕਰਨ ਉਪਰੰਤ ਖਪਤਕਾਰ ਨੂੰ ਪਹਿਲਾਂ ਦਿੱਤੇ ਹੋਏ ਨੋਟਿਸ ਦਾ ਹਵਾਲਾ ਦੇ ਕੇ 2000ਜ- ਰੁਪੈ ਦਾ ਜੁਰਮਾਨਾ ਕੀਤਾ ਜਾਵੇਗਾ ਜਿਹੜਾ ਕਿ ਪਾਣੀ ਦੇ ਬਿੱਲ ਵਿਚ ਲਗਾ ਕੇ ਭੇਜਿਆ ਜਾਵੇਗਾ ।**<br>**3. ਤੀਸਰੀ ਵਾਰ ਉਲੰਘਣਾ ਕਰਨ ਬਾਅਦ ਖਪਤਕਾਰ ਨੂੰ ਕਿਸੇ ਹੋਰ ਨੋਟਿਸ ਦਿੱਤੇ ਬਿਨਾਂ ਉਸਦਾ ਪਾਣੀ ਦਾ ਕੁਨੈਕਸਨ ਕੱਟ ਕੇ ਸੂਚਿਤ ਕਰ ਦਿੱਤਾ ਜਾਵੇਗਾ । ਖਪਤਕਾਰ ਤੋ 5000ਜ-ਰੁਪੈ ਜੁਰਮਾਨਾ ਅਤੇ ਹਲਫੀਆ ਬਿਆਨ ਲੈਣ ਤੋ ਬਾਅਦ ਹੀ ਦੁਬਾਰਾ ਕੁਨੈਕਸਨ ਲਗਾਉਣ ਉਪਰ ਵਿਚਾਰ ਕੀਤਾ ਜਾ ਸਕਦਾ ਹੈ ਜਿਸ ਦੇ ਪ੍ਰਤੀ ਫੈਸਲੇ ਦਾ ਅਧਿਕਾਰ ਸਿਰਫ ਨਿਗਮ ਇੰਜੀਨੀਅਰਜ ਕਾਰਜਕਾਰੀ ਇੰਜੀਨੀਅਰ ਨੂੰ ਹੀ ਹੋਵੇਗਾ ।**<br>ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸਿਫਾਰਸ ਕੀਤੀ ਜਾਂਦੀ ਹੈ ਕਿ ਉਕਤ ਦੱਸੇ ਅਨੁਸਾਰ ਪਾਣੀ ਦੀ ਬਰਬਾਦੀਜ ਦੁਰਵਰਤੋ ਨੂੰ ਰੋਕਣ ਲਈ ਤਜਵੀਜਤ ਕਾਰਜ-ਪ੍ਰਣਾਲੀ ਨੂੰ ਮੰਨਜੂਰ ਕਰਨ ਸਬੰਧੀ ਕੇਸ ਹਾਊਸ ਵਿੱਚ ਭੇਜਣ ਲਈ ਰਿਪੋਰਟ ਅਗਲੇਰੇ ਯੋਗ ਹੁਕਮਾਂ ਹਿੱਤ ਪੇÔ ਹੈ ਜੀ।<br>ਉਕਤ ਕੇਸ ਕਮਿÔਨਰ ਜੀ ਦੀ ਪ੍ਰÔਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇÔ ਹੈ ਜੀ। | **ਸਰਬ–ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| 5) | 114 | 21-03-2022 | **<u>Rough Cost estimate for Construction of UGSR at Ind. area phase- 8b, S.A.S Nagar (Mohali).</u>** **<u>(E. Cost= Rs. 245.48 lacs)</u>**<br><br>ਰਿਪੋਰਟ ਇੰਜ: ਸਾਖਾ (O&M) ਕਿ ਵਿਸ਼ੇ ਸਬੰਧੀ ਕੰਮ ਦਾ ਤਖਮੀਨਾਂ ਨਗਰ ਨਿਗਮ ਦੇ ਹਾਊਸ ਵੱਲੋਂ ਮਤਾ ਨੰ: 91 ਮਿਤੀ 04/01/2022 ਰਾਹੀਂ 197.85 ਲੱਖ ਦਾ ਪ੍ਰਵਾਨ ਕੀਤਾ ਗਿਆ ਸੀ। ਵਿਸ਼ੇ ਅਧੀਨ ਤਖਮੀਨੇ ਵਿੱਚ ਤਕਨੀਕੀ ਕਾਰਨਾਂ ਕਾਰਨ ਇਹ ਤਖਮੀਨਾ 197.85 ਲੱਖ ਤੋਂ ਵਧ ਕੇ 245.48 ਲੱਖ ਦਾ ਹੋ ਗਿਆ ਹੈ। ਇਹ ਤਖਮੀਨਾਂ ਇਸ ਦਫਤਰ ਵੱਲੋਂ ਪੱਤਰ ਨੰ: 378 ਮਿਤੀ 20/12/2021 ਰਾਹੀਂ ਚੀਫ ਇੰਜੀਨੀਅਰ (ੳ.ਐਂਡ.ਐਮ), ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਨੂੰ ਤਕਨੀਕੀ ਪ੍ਰਵਾਨਗੀ ਦੇਣ ਲਈ ਭੇਜਿਆ ਗਿਆ ਸੀ। ਉਕਤ ਕੰਮ ਦੀ ਤਕਨੀਕੀ ਪ੍ਰਵਾਨਗੀ ਚੀਫ ਇੰਜੀਨੀਅਰ (ੳ.ਐਂਡ.ਐਮ), ਜੀ ਦੇ ਪੱਤਰ ਨੰ: ਸੀ.ਈ/2022/9573 ਮਿਤੀ 15-03-2022 ਰਾਹੀਂ ਰਕਮ 231.61 ਲੱਖ ਰੁਪਏ ਦੀ ਪ੍ਰਾਪਤ ਹੋ ਚੁੱਕੀ ਹੈ। ਸੋ ਉਕਤ ਰੀਵਾਇਜਡ ਤਖਮੀਨਾਂ ਪ੍ਰਸਾਸਕੀ ਦੇਣ ਹਿੱਤ ਹਾਊਸ ਦੀ ਮੀਟਿੰਗ ਵਿੱਚ ਭੇਜਣ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br><br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |
| 6) | 115 | 21-03-2022 | **<u>ਸ੍ਰੀ ਅਰਜੁਨ ਸਿੰਘ, ਸੇਵਾਦਾਰ ਨੂੰ ਬਤੌਰ ਦਫਤਰੀ ਪੱਦਉਨਤ ਕਰਨ ਸਬੰਧੀ।</u>**<br>ਰਿਪੋਰਟ ਅਮਲਾ ਸਾਖਾ ਕਿ ਵਿਸ਼ੇ ਸਬੰਧੀ ਸ੍ਰੀ ਅਰਜੁਨ ਸਿੰਘ, ਸੇਵਾਦਾਰ ਵੱਲੋਂ ਮਿਤੀ: 22-12-2021 ਰਾਂਹੀਂ ਮਾਨਯੋਗ ਕਮਿਸ਼ਨਰ ਜੀ ਨੂੰ ਬੇਨਤੀ ਪੱਤਰ ਦਿੱਤਾ ਗਿਆ ਹੈ ਕਿ ਉਸਨੂੰ ਬਤੌਰ ਦਫਤਰੀ ਪੱਦਉਨਤ ਕੀਤਾ ਜਾਵੇ। ਜਿਸ ਦੇ ਸਬੰਧ ਵਿੱਚ ਦੱਸਿਆ ਜ਼ਾਂਦਾ ਹੈ ਕਿ ਇਸ ਨਗਰ ਨਿਗਮ ਵਿੱਖੇ ਦਫਤਰੀ ਦੀਆਂ ਦੋ ਅਸਾਮੀਆਂ ਪ੍ਰਵਾਨਤ ਹਨ। ਜਿਨ੍ਹਾਂ ਵਿਰੁੱਧ ਇਸ ਸਮੇਂ ਸ੍ਰੀਮਤੀ ਰੋਸ਼ਨੀ ਦੇਵੀ ਕੰਮ ਕਰ ਰਹੀ ਹਨ ਅਤੇ ਸ੍ਰੀਮਤੀ ਸਵਰਨ ਕੌਰ ਮਿਤੀ: 31-01-2022 ਨੂੰ ਸੇਵਾਮੁਕਤ ਹੋ ਗਏ ਹਨ, ਜਿਸ ਕਰਕੇ ਇਸ ਸਮੇਂ ਇਸ ਨਗਰ ਨਿਗਮ ਵਿਖੇ ਕੇਵਲ ਇੱਕ ਦਫ਼ਤਰੀ ਦੀ ਅਸਾਮੀ ਖਾਲ੍ਹੀ ਪਈ ਹੈ।<br>ਇਥੇ ਇਹ ਵੀ ਦੱਸਣਯੋਗ ਹੈ ਕਿ ਪੰਜਾਬ ਮਿਊਂਸਪਲ ਇੰਪਲਾਇਜ (ਕਲਾਸ 4) ਸਰਵਿਸਜ ਰੂਲਜ 1986 ਦੇ (ਅਪੈਂਡਿਕਸ ਬੀ) ਅਨੁਸਾਰ ਦਫਤਰੀ ਦੀ ਅਸਾਮੀ 100% ਤਰੱਕੀ ਰਾਹੀਂ ਨਗਰ ਨਿਗਮ ਵਿੱਖੇ ਕੰਮ ਕਰਦੇ ਰਿਕਾਰਡ ਲਿਫਟਰਾਂ ਜਿਨ੍ਹਾਂ ਪਾਸ ਘੱਟੋ-ਘੱਟ ਪੰਜ ਸਾਲ ਦਾ ਤਜਰਬਾ ਹੋਵੇ ਅਤੇ ਸੀਨੀਆਰਤਾ ਦੇ ਆਧਾਰ ਤੇ ਭਰੀ ਜਾਣੀ ਹੈ। ਇਸ ਤਰ੍ਹਾਂ ਰੂਲਾਂ ਅਨੁਸਾਰ ਦਫਤਰੀ ਦੀ ਅਸਾਮੀ ਪਦ ਉਨੱਤੀ ਰਾਹੀਂ ਹੀ ਭਰੀ ਜਾ ਸਕਦੀ ਹੈ, ਪਰ ਸਰਕਾਰ ਵੱਲੋਂ ਨਗਰ ਨਿਗਮ ਵਿੱਖੇ ਦਰਜਾ-4 ਕਰਮਚਾਰੀਆਂ ਦੀਆਂ ਜੋ ਅਸਾਮੀਆਂ ਪ੍ਰਵਾਨਤ ਹਨ, ਉਨ੍ਹਾਂ ਵਿੱਚ ਰਿਕਾਰਡ ਲਿਫਟਰ ਦੀ ਕੋਈ ਅਸਾਮੀ ਨਹੀਂ ਹੈ ਅਤੇ ਨਾ ਹੀ ਕੋਈ ਰਿਕਾਰਡ ਲਿਫਟਰ ਇਸ ਸਮੇਂ ਨਗਰ ਨਿਗਮ ਵਿੱਖੇ ਕੰਮ ਕਰ ਰਿਹਾ ਹੈ। ਇਸ ਲਈ ਦਫਤਰੀ ਦੀ ਖਾਲੀ ਪਈ ਅਸਾਮੀ ਨਗਰ ਨਿਗਮ ਵਿੱਖੇ ਕੰਮ ਕਰ ਰਹੇ ਸੇਵਾਦਾਰਾਂ ਵਿੱਚੋਂ ਮੈਰਿਟ ਕਮ ਸੀਨੀਆਰਤਾ ਦੇ ਆਧਾਰ ਤੇ ਭਰਨ ਲਈ ਵਿਚਾਰ ਕੀਤਾ ਜਾ ਸਕਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਕਿਸੇ ਹੋਰ ਦਰਜਾ-4 ਕਰਮਚਾਰੀ ਦੇ ਹਿੱਤ ਪ੍ਰਭਾਵਿਤ ਨਹੀਂ ਹੋਣਗੇ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| | | | ਇਸ ਤੋਂ ਇਲਾਵਾ ਦੀ ਪੰਜਾਬ ਮਿਉਂਸਪਲ ਇੰਪਲਾਇਜ (ਕਲਾਸ 4) ਸਰਵਿਸਜ ਰੂਲਜ 1986 ਦੇ ਰੂਲ 22 ਤਹਿਤ ਵੀ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਅਧਿਕਾਰ ਦਿੱਤੇ ਗਏ ਹਨ ਕਿ ਜੇਕਰ ਸਬੰਧਤ ਸ਼ਹਿਰੀ ਸੰਸਥਾ ਜਰੂਰੀ ਸਮਝੇ ਤਾਂ ਕਾਰਨ ਦੱਸਦੇ ਹੋਏ ਕਿਸੇ ਕੇਸ ਵਿੱਚ ਇਹਨਾਂ ਰੂਲਾਂ ਵਿੱਚ ਰੀਲੈਕਸੇਸ਼ਨ ਦਿੱਤੀ ਜਾ ਸਕਦੀ ਹੈ ਬਸ਼ਰਤੇ ਕਿ ਯੋਗਤਾ ਅਤੇ ਤਜਰਬੇ ਵਿੱਚ ਕੋਈ ਰੀਲੈਕਸੇਸ਼ਨ ਨਹੀਂ ਦਿੱਤੀ ਜਾ ਰਹੀ। ਇਸ ਤਰ੍ਹਾਂ ਨਗਰ ਨਿਗਮ ਵਿੱਖੇ ਰਿਕਾਰਡ ਲਿਫਟਰ ਦੀ ਕੋਈ ਆਸਾਮੀ ਨਾ ਹੋਣ ਕਾਰਨ ਅਤੇ ਇਸ ਕਰਮਚਾਰੀ ਦੇ ਬਤੌਰ ਰਿਕਾਰਡ ਲਿਫਟਰ ਕੰਮ ਕਰ ਰਹੇ ਹੋਣ ਕਾਰਨ ਦਫਤਰੀ ਦੀ ਅਸਾਮੀ ਸੇਵਾਦਾਰ ਨੂੰ ਪਦਉਨੱਤ ਕਰਕੇ ਭਰੀ ਜਾ ਸਕਦੀ ਹੈ। ਪੰਜਾਬ ਦੀਆਂ ਸੁਬੋਰਡੀਨੇਟ ਅਦਾਲਤਾਂ ਵਿੱਚ ਦਰਜਾ-4 ਤੋਂ ਦਰਜਾ-2 ਤੱਕ ਦੀਆਂ ਅਸਾਮੀਆਂ ਤੇ ਨਿਯੁਕਤੀ ਲਈ ਜੋ ਰੂਲਜ਼ ਹਨ ਉਨ੍ਹਾਂ ਅਨੁਸਾਰ ਦਫਤਰੀ ਦੀ ਅਸਾਮੀ ਸੇਵਾਦਾਰ ਦੀ ਅਸਾਮੀ ਤੋਂ ਤਰੱਕੀ ਦੇ ਕੇ ਕਰਨ ਦਾ ਉਪਬੰਧ ਹੈ। ਨਗਰ ਨਿਗਮ ਵਿੱਖੇ ਸੇਵਾਦਾਰਾਂ ਦੀ ਸੀਨੀਆਰਤਾ ਸੂਚੀ ਅਨੁਸਾਰ ਲੜੀ ਨੰਬਰ 30 ਤੇ ਦਰਜ ਸ੍ਰੀ ਰਜਿੰਦਰ ਕੁਮਾਰ ਸੇਵਾ ਮੁਕਤ ਹੋ ਚੁੱਕੇ ਹਨ **ਅਤੇ** ਸਬੰਧਤ ਕਰਮਚਾਰੀ ਲੜੀ ਨੰਬਰ 31 ਤੇ ਦਰਜ ਹੈ। ਇਸ ਤਰ੍ਹਾਂ ਸੇਵਾਦਾਰਾਂ ਦੀ ਸੀਨੀਆਰਤਾ ਸੂਚੀ ਵਿੱਚ ਸਬੰਧਤ ਕਰਮਚਾਰੀ ਦਫਤਰੀ ਦੀ ਅਸਾਮੀ ਤੇ ਤਰੱਕੀ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੈ। ਇਸ ਲਈ ਸਬੰਧਤ ਕਰਮਚਾਰੀ ਨੂੰ ਦਫਤਰੀ ਦੀ ਅਸਾਮੀ ਤੇ ਪਦਉਨੱਤ ਕਰਨ ਲਈ ਵਿਚਾਰਨਾ ਬਣਦਾ ਹੈ।ਨਗਰ ਨਿਗਮ ਦੀਆਂ ਵੱਖ-ਵੱਖ ਬਰਾਂਚਾ ਦੀ ਰਿਪੋਰਟ ਅਨੁਸਾਰ ਇਸ ਕਰਮਚਾਰੀ ਦਾ ਕੰਮ ਤਸੱਲੀਬਖਸ਼ ਹੈ। ਇਸਦੇ ਵਿਰੁੱਧ ਕੋਈ ਵਿਭਾਗੀ ਕਾਰਵਾਈ/ ਪੜਤਾਲ ਲੰਬਿਤ ਨਹੀਂ ਹੈ।<br>ਇਸ ਲਈ ਸ੍ਰੀ ਅਰਜੁਨ ਸਿੰਘ, ਸੇਵਾਦਾਰ ਨੂੰ ਬਤੌਰ ਦਫਤਰੀ ਪਦਉਨੱਤ ਨਿਯੁਕਤ ਕਰਨ ਲਈ ਕੇਸ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ **ਮਾਨਯੋਗ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ** ਹਾਉਸ ਦੇ ਵਿਚਾਰਨ ਹਿੱਤ ਭੇਜਣ ਲਈ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 7) | 116 | 21-03-2022 | **ਨਗਰ ਨਿਗਮ ਵਿੱਖੇ ਦਰਜਾ-3 ਅਤੇ 4 ਦੀ ਮੈਨਪਾਵਰ ਆਉਟਸੋਰਸ ਰਾਹੀਂ ਘੱਟੋਂ-ਘੱਟ 3 ਸਾਲ ਵਾਸਤੇ ਲੈਣ ਲਈ ਏਜੰਸੀ ਦੀ ਚੋਣ ਕਰਨ ਲਈ ਟੈਂਡਰ ਕਾਲ ਕਰਨ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਅਤੇ ਮੋਜੂਦਾ ਏਜੰਸੀ (ਸੰਪਰਕ ਸਰਵਿਸਜ) ਦੀ ਮਿਆਦ ਵਿੱਚ 3 ਮਹੀਨੇ ਦਾ ਹੋਰ ਵਾਧਾ ਕਰਨ ਅਤੇ ਇਸ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲੈਣ ਸਬੰਧੀ।**<br><br>1. ਰਿਪੋਰਟ ਅਮਲਾ ਸਾਖਾ ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਨਗਰ ਨਿਗਮ ਵਿੱਖੇ ਪਿਛਲੇ ਕਈਂ ਸਾਲਾਂ ਤੋਂ ਦਰਜਾ-3 ਅਤੇ ਦਰਜਾ-4 ਦੇ ਕਰਮਚਾਰੀਆਂ ਜਿਵੇਂ ਕਿ ਡਾਟਾ ਐਂਟਰੀ ਓਪਰੇਟਰ, ਡਰਾਈਵਰ, ਫਾਇਰਮੈਨ, ਸੁਪਰਵਾਈਜਰ ਹੋਰਟੀਕਲਚਰ, ਰਿਸੈਪਨਿਸ਼ਟ, ਸੇਵਾਦਾਰ, ਸੇਵਾਦਾਰ ਕਮ ਚੌਕੀਦਾਰ, ਤਹਿਬਜਾਰੀ ਲਈ ਸਿਕਓਰਟੀ ਗਾਰਡ, ਮਾਲੀ, ਬੇਲਦਾਰ ਆਦਿ ਦੀ ਘਾਟ ਹੋਣ ਕਾਰਨ ਨਗਰ ਨਿਗਮ ਵੱਲੋਂ ਲੋੜੀਂਦੀ ਮੈਨਪਾਵਰ ਆਉਟਸੋਰਸ ਰਾਹੀਂ ਲੈ ਕੇ ਕੰਮ ਚਲਾਇਆ ਜਾ ਰਿਹਾ ਹੈ। ਜਿਸ ਲਈ ਆਉਟਸੋਰਸ ਰਾਹੀਂ ਮੈਨਪਾਵਰ ਸਪਲਾਈ ਕਰਨ ਲਈ ਏਜੰਸੀ ਦੀ ਚੋਣ ਈ-ਟੈਂਡਰ ਕਾਲ ਕਰਕੇ ਕੀਤੀ ਜਾਂਦੀ ਹੈ। ਇਸ ਸਮੇਂ ਨਗਰ ਨਿਗਮ ਵੱਲੋਂ ਜਿਸ ਏਜੰਸੀ (ਸੰਪਰਕ ਸਰਵਿਸਜ ਏਜੰਸੀ) ਨੂੰ ਇਹ ਕੰਮ ਦਿੱਤਾ ਹੋਇਆ ਹੈ, ਉਸਦੀ ਮਿਆਦ ਮਿਤੀ 31/03/2022 ਨੂੰ ਖਤਮ ਹੋ ਰਹੀ ਹੈ। ਨਗਰ ਨਿਗਮ ਵੱਲੋਂ ਇਸ ਸਮੇ ਜੋ ਮੈਨਪਾਵਰ ਆਉਟਸੋਰਸ ਰਾਹੀਂ ਇਸ ਏਜੰਸੀ ਰਾਹੀਂ ਲਈ ਹੋਈ ਹੈ, ਉਸਦੀ ਜਰੂਰਤ ਨਗਰ ਨਿਗਮ ਨੂੰ ਆਉਣ | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

ਵਾਲੇ ਸਮੇਂ ਭਾਵ 31/03/2022 ਤੋਂ ਬਾਅਦ ਵੀ ਹੈ। ਦਫਤਰ ਵੱਲੋਂ ਪੰਜਾਬ ਰਾਜ ਵਿੱਚ ਵਿਧਾਨ ਸਭਾ ਚੋਣਾਂ ਕਰਕੇ ਚੋਣ ਜਾਬਤਾ ਲੱਗਿਆ ਹੋਣ ਕਾਰਨ ਇਸ ਕੰਮ ਨੂੰ ਨਵੇਂ ਸਿਰੇ ਤੋਂ ਅਲਾਟ ਕਰਨ ਦੀ ਕਾਰਵਾਈ ਨਹੀਂ ਕੀਤੀ ਜਾ ਸਕੀ, ਕਿਉਂਕਿ ਉਕਤ ਕੰਮ ਸਬੰਧੀ ਟੈਂਡਰ ਕਾਲ ਕਰਨ ਦੀ ਕਾਰਵਾਈ ਜੇਕਰ ਨਗਰ ਨਿਗਮ ਵੱਲੋਂ ਕੀਤੀ ਜਾਂਦੀ ਤਾਂ ਉਹ ਚੋਣ ਜਾਬਤੇ ਦੀ ਹਦਾਇਤਾਂ ਦੀ ਉਲੰਘਣਾ ਹੋਣੀ ਸੀ। ਹੁਣ ਚੋਣ ਜਾਬਤਾ ਖਤਮ ਹੋ ਚੁੱਕਾ ਹੈ ਅਤੇ ਉਕਤ ਕੰਮ ਨੂੰ ਕਰਨ ਦੀ ਕਾਰਵਾਈ ਕੀਤੀ ਜਾ ਸਕਦੀ ਹੈ।

2. ਇਥੇ ਇਹ ਵੀ ਦੱਸਯੋਗ ਹੈ ਕਿ ਨਵੇਂ ਸਿਰ ਤੋਂ ਈ-ਟੈਂਡਰ ਕਾਲ ਕਰਨ ਦੀ ਸਾਰੀ ਪ੍ਰੀਕ੍ਰਿਆ 15 ਦਿਨਾ ਦੇ ਅੰਦਰ-ਅੰਦਰ ਭਾਵ ਮਿਤੀ 31/03/2022 ਤੱਕ ਮੁੰਕਮਲ ਨਹੀਂ ਹੋ ਪਾਵੇਗੀ ਕਿਉਂਕਿ ਈ-ਟੈਂਡਰ ਕਾਲ ਕਰਨ ਲਈ ਘੱਟੋਂ-ਘੱਟ 21 ਦਿਨਾਂ ਦਾ ਪਬਲਿਕ ਨੋਟਿਸ ਦੇਣਾ, ਬਿੱਡਾਂ ਪ੍ਰਾਪਤ ਹੋਣ ਉਪਰੰਤ ਟੈਕਨੀਕਲ ਬਿੱਡ ਅਤੇ ਫਾਇਨੈਂਸ਼ਿਅਲ ਬਿੱਡ ਖੋਲਣ ਅਤੇ ਪ੍ਰਾਪਤ ਬਿੱਡਾਂ ਨੂੰ ਨਗਰ ਨਿਗਮ ਦੇ ਮਾਨਯੋਗ ਹਾਊਸ ਅਤੇ ਵਿੱਤ ਅਤੇ ਠੇਕਾ ਕਮੇਟੀ ਤੋਂ ਪ੍ਰਵਾਨ ਕਰਵਾਉਣ ਉਪਰੰਤ ਸਫਲ ਠੇਕੇਦਾਰ ਨਾਲ ਇਕਰਾਰਨਾਮਾ ਆਦਿ ਕਰਨ ਵਿੱਚ ਘੱਟੋ ਘੱਟ 3 ਮਹੀਨੇ ਦਾ ਸਮਾਂ ਲੱਗ ਜਾਵੇਗਾ। ਇਸ ਸਮੇਂ ਨਗਰ ਨਿਗਮ ਵਿਖੇ ਲਗਭਗ 170 ਦਰਜਾ 3 ਅਤੇ 4 ਮੈਨਪਾਵਰ ਕੰਮ ਕਰ ਰਹੀ ਹੈ ਅਤੇ ਇਸ ਤੇ ਸਲਾਨਾ ਖਰਚਾ ਲਗਭਗ 313 ਲੱਖ ਰੁਪਏ ਆ ਰਿਹਾ ਹੈ। ਇਸ ਦਫਤਰ ਵਿਖੇ ਇਸ ਸਮੇਂ ਪ੍ਰਵਾਨਤ ਅਸਾਮੀਆਂ ਦੇ ਵਿਰੁਧ ਕੰਮ ਕਰ ਰਹੀ ਆਊਟਸੋਰਸ ਮੈਨਪਾਵਰ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ -

| ਲੜੀ ਨੰ . | ਅਸਾਮੀ ਦਾ ਨਾਮ | ਪ੍ਰਵਾਨਤ ਅਸਾਮੀਆਂ ਦੀ ਗਿਣਤੀ | ਪ੍ਰਵਾਨਤ ਖਾਲੀ ਪਇਆਂ ਅਸਾਮੀਆਂ ਦੇ ਵਿਰੁਧ ਕੰਮ ਕਰ ਰਹੇ ਰੈਗੂਲਰ ਕਰਮਚਾਰੀਆਂ ਦਿ ਗਿਣਤੀ | ਪ੍ਰਵਾਨਤ ਖਾਲੀ ਪਇਆਂ ਅਸਾਮੀਆਂ ਦੀ ਗਿਣਤੀ | ਇਸ ਸਮੇਂ ਪ੍ਰਵਾਨਤ ਖਾਲੀ ਅਸਾਮੀਆਂ ਦੇ ਵਿਰੁਧ ਆਊਟਸੋਰਸ ਰਾਹੀਂ ਕੰਮ ਕਰ ਰਿਹਾ ਆਊਟਸੋਰਸ ਮੈਨਪਾਵਰ | ਪ੍ਰਵਾਨਤ ਅਸਾਮੀਆਂ ਤੋਂ ਇਲਾਵਾ ਹੋਰ ਅਤਿ ਜਰੂਰੀ ਮੈਨਪਾਵਰ ਆਊਟਸੋਰਸ ਰਾਹੀਂ ਲੈਣ ਲਈ ਸਰਕਾਰ ਵੱਲੋਂ ਦਿੱਤੀ ਪ੍ਰਵਾਨਗੀ | ਪ੍ਰਵਾਨਤ ਖਾਲੀ ਅਸਾਮੀਆਂ ਦੀ ਗਿਣਤੀ |
|---|---|---|---|---|---|---|---|

| | | | | | | | |
|---|---|---|---|---|---|---|---|
| | | | | | | ਉਪਰੰਤ ਕੰਮ ਕਰ ਰਹੀ ਮੈਨਪਾਵਰ | |
| 1) | ਕਲਰਕ | 56 | 10 | 46 | 38 | -- | 08 |
| 2) | ਰਿਸੈਪਨਿਸਟ | -- | -- | -- | -- | 02 | -- |
| 3) | ਫਾਇਰਮੈਨ | 80 | 06 | 74 | 37 | -- | 37 |
| 4) | ਫਾਇਰ ਡਰਾਇਵਰ | 24 | 04 | 20 | 12 | -- | 08 |
| 5) | ਡਰਾਇਵਰ | 50 | 13 | 37 | 09 | -- | 28 |
| 6) | ਸੇਵਾਦਾਰ , ਸੇਵਾਦਾ-ਕਮ-ਰ ਚੌਂਕੀਦਾਰ | 40 | 18 | 22 | 18 | -- | 04 |
| 7) | ਬੇਲਦਾਰ | 50 | 21 | 29 | 16 | -- | 13 |
| 8) | ਸੁਪਰਵਾਇਜਰ ਹੋਰਟੀਕਲਚਰ | 11 | -- | 11 | 10 | -- | 01 |
| 9) | ਡਰਾਇਵਰ (ਹੈਵੀ | 01 | -- | 01 | 01 | -- | -- |

| | | | | | | | |
|---|---|---|---|---|---|---|---|
| | ਵਹਿਕਲ ) | | | | | | |
| 10) | ਮਾਲੀ | 95 | 21 | 74 | 10 | -- | 64 |
| 11) | ਲਾਇਬ੍ਰੇਰੀਅਨ | 02 | -- | 02 | 01 | -- | 01 |
| 12) | ਜੂਨੀਅਰ ਲਾਇਬ੍ਰੇਰੀਅਨ | 08 | -- | 08 | -- | -- | 08 |
| 13) | ਸਕਿਉਰਿਟੀ ਗਾਰਡ ਤਹਿਬਜਾਰੀ ਦੇ) ਕੰਮ ਲਈ ਆਊਟਸੋਰਸ ਰਾਂਹੀ ਸਟਾਫ ਮੁਹੱਇਆ ਕਰਵਾਉਣ ਵਾਲੀ ਉਕਤ ਏਜੰਸੀ ਸੰਪਰਕ ਸਰਵਿਸਜ (ਚੰਡੀਗੜ੍ਹ ਤੋਂ) | -- | -- | -- | -- | 16 | -- |
| | **ਕੁਲ** | 417 | 93 | 324 | 152 | 18 | 172 |

ਉਕਤ ਅਨੁਸਾਰ ਨਗਰ ਨਿਗਮ ਦਾ ਦਫਤਰੀ ਕੰਮ ਚਲਦਾ ਰੱਖਣ ਲਈ ਮੈਸ ਸੰਪਰਕ ਸਰਵਿਸਜ ਲਿਮਟਡ, ਮਕਾਨ ਨੰਬਰ 256, ਸੈਕਟਰ-46 ਏ, ਚੰਡੀਗੜ੍ਹ ਨਾਲ ਹੋਏ ਇਕਰਾਰਨਾਮੇ ਦੀ ਸ਼ਰਤ ਨੰਬਰ 1

| | | | | |
|---|---|---|---|---|
| | | | ਅਨੁਸਾਰ ਸਬੰਧਤ ਏਜੰਸੀ ਨਾਲ ਮਿਤੀ 31/03/2022 ਤੋਂ ਬਾਅਦ ਹੋਰ ਤਿੰਨ ਮਹੀਨੇ ਲਈ ਮਿਤੀ 01/04/2022 ਤੋਂ ਮਿਤੀ 30/06/2022 ਤੱਕ ਵਾਧਾ ਕਰਨ ਅਤੇ ਇਸ ਤੇ ਆਉਣ ਵਾਲੇ ਖਰਚੇ ਲਗਭਗ 79 ਲੱਖ ਰੁਪਏ ਦੀ ਪ੍ਰਵਾਨਗੀ ਮਾਨਯੋਗ ਹਾਊਸ ਤੋਂ ਲੈਣੀ ਉੱਚਿਤ ਹੋਵੇਗੀ ਅਤੇ ਨਗਰ ਨਿਗਮ ਦਾ ਕੰਮ ਸੁਚਾਰੂ ਢੰਗ ਨਾਲ ਚੱਲਾਉਣ ਲਈ ਘੱਟੋਂ-ਘੱਟ ਅੱਗਲੇ 3 ਸਾਲਾਂ ਲਈ ਨਵੇਂ ਸਿਰੇ ਤੋਂ ਟੈਂਡਰ ਪ੍ਰਕਿਰਿਆ ਕਰਕੇ ਨਗਰ ਨਿਗਮ ਨੂੰ ਮੈਨਪਾਵਰ ਮੁੱਹਇਆ ਕਰਵਾਉਣ ਲਈ ਕਿਸੇ ਏਜੰਸੀ/ਫਰਮ/ਸੰਸਥਾ ਦੀ ਚੋਣ ਕਰਨ ਲਈ ਈ-ਟੈਂਡਰ ਕਾਲ ਕਰਨ ਅਤੇ ਇਸ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਅਤੇ 3 ਸਾਲ ਲਈ ਮੈਨਪਾਵਰ ਤੇ ਆਉਣ ਵਾਲਾ ਖਰਚਾ ਲਗਭਗ 940 ਲੱਖ ਰੁਪਏ (ਸਲਾਨਾ 313 ਲੱਖ X 3 ਸਾਲ) ਦੀ ਪ੍ਰਵਾਨਗੀ ਲੈਣ ਲਈ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਊਸ ਦੇ ਵਿਚਾਰ/ਪ੍ਰਵਾਨਗੀ ਹਿੱਤ ਭੇਜਣ ਲਈ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 8) | 117 | 21-03-2022 | **ਨਗਰ ਨਿਗਮ ਵਿਖੇ ਕੰਮ ਕਰਦੇ ਪੰਪ ਉਪਰੇਟਰਾਂ/ਸਹਾਇਕ ਪੰਪ ਉਪਰੇਟਰਾਂ (ਜੂਨੀਅਰ ਟੈਕਨੀਸ਼ੀਅਨਜ਼) ਦੀ ਮਿਤੀ-21.06.2017 ਨੂੰ ਜਾਰੀ ਅੰਤਿਮ ਸੀਨੀਆਰਤਾ ਸੂਚੀ ਨੂੰ ਸੋਧਣ ਸਬੰਧੀ।**<br><br>ਰਿਪੋਰਟ ਅਮਲਾ ਸਾਖਾ ਕਿ ਨਗਰ ਨਿਗਮ ਵਿਖੇ ਕੰਮ ਕਰ ਰਹੇ ਪੰਪ ਉਪਰੇਟਰਾਂ/ਸਹਾਇਕ ਪੰਪ ਉਪਰੇਟਰਾਂ (ਜੂਨੀਅਰ ਟੈਕਨੀਸ਼ੀਅਨਜ਼) ਦੀ ਮਿਤੀ-21.06.2017 ਨੂੰ ਅੰਤਿਮ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਸੀ। ਇਸ ਸੀਨੀਆਰਤਾ ਸੂਚੀ ਸਬੰਧੀ ਸੂਚੀ ਵਿੱਚ ਸ਼ਾਮਿਲ 3 ਮੁਲਾਜ਼ਮਾਂ (ਸ੍ਰੀ ਰਜਿੰਦਰ ਸਿੰਘ, ਸ੍ਰੀ ਧਰਮ ਪਾਲ ਅਤੇ ਸ੍ਰੀ ਜਸਪਾਲ ਸਿੰਘ) ਨੂੰ ਇਤਰਾਜ ਹੋਣ ਕਾਰਨ ਉਹਨਾਂ ਵੱਲੋਂ ਇਸ ਸੀਨੀਆਰਤਾ ਸੂਚੀ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿਟ ਪਟੀਸ਼ਨ ਨੰ-23411 ਆਫ 2018 ਨੂੰ ਇਸ ਆਧਾਰ ਤੇ ਚੈਲੇਜ ਕੀਤਾ ਗਿਆ ਹੈ ਕਿ ਜੋ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ ਉਸ ਵਿੱਚ ਕਰਮਚਾਰੀਆਂ ਦੀ ਨਿਯੁਕਤੀ ਦੀ ਮਿਤੀ/ਰੈਗੂਲਰ ਹੋਣ ਦੀ ਮਿਤੀ ਅਤੇ ਉਹਨਾ ਸਾਰੀਆਂ ਦੀ ਡੈਜੀਗਨੇਸ਼ਨ ਜੂ.ਟੈਕਨੀਸੀਅਨਜ ਨੂੰ ਨਜ਼ਰ ਅੰਦਾਜ ਕਰਦੇ ਹੋਏ ਕਰਮਚਾਰੀਆਂ ਨੂੰ ਪੰਪ ਉਪਰੇਟਰ ਅਤੇ ਸਹਾਇਕ ਪੰਪ ਉਪਰੇਟਰ ਮੰਨਦੇ ਹੋਏ ਪੰਪ ਉਪਰੇਟਰਾਂ ਨੂੰ ਸੂਚੀ ਵਿੱਚ ਉਪਰ ਸ਼ਾਮਿਲ ਕਰਕੇ ਸਹਾਇਕ ਪੰਪ ਉਪਰੇਟਰਾਂ ਨੂੰ ਹੇਠਾਂ ਲਗਾਇਆ ਗਿਆ ਹੈ। ਜੋ ਕਿ ਬਿਲਕੁਲ ਗਲਤ ਹੈ ਕਿਉਂਕਿ ਸੂਚੀ ਵਿੱਚ ਸ਼ਾਮਲ ਸਾਰੇ ਕਰਮਚਾਰੀਆਂ ਨੂੰ ਜੂ.ਟੈਕਨੀਸੀਅਨਜ ਮੰਨਦੇ ਹੋਏ ਰੈਗੂਲਰ/ਨਿਯੁਕਤੀ ਦੀ ਮਿਤੀ ਅਨੁਸਾਰ ਸੀਨੀਆਰਤਾ ਸੂਚੀ ਤਿਆਰ ਨਹੀਂ ਕੀਤੀ ਗਈ ਹੈ। ਇਸੇ ਦੌਰਾਨ ਇਸ ਸੂਚੀ ਵਿੱਚ ਸ਼ਾਮਿਲ ਇੱਕ ਕਰਮਚਾਰੀ ਸ੍ਰੀ ਬਲਬੀਲ ਸਿੰਘ ਪੁੱਤਰ ਸ੍ਰੀ ਸਾਧੂ | ਸਰਬ–ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਸਿੰਘ, ਪੰਪ ਓਪਰੇਟਰ ਵੱਲੋਂ ਉਕਤ ਦਰਸਾਈ ਸੀਨੀਆਰਤਾ ਸੂਚੀ ਅਤੇ ਸੀਨੀਆਰਤਾ ਸੂਚੀ ਅਨੁਸਾਰ ਪਾਸ ਕੀਤੇ ਮਤਾ ਨੰ-262 ਮਿਤੀ-07.09.2017 ਅਨੁਸਾਰ ਉਸਨੂੰ ਬਣਦਾ ਲਾਭ ਨਾਂ ਦਿੱਤੇ ਜਾ ਕਾਰਨ ਉਸ ਵੱਲੋਂ ਮਾਨਯੋਗ ਨੈਸ਼ਨਲ ਕਮਿਸ਼ਨ ਫਾਰ ਸ਼ਡਿਊਲ ਕਾਸ਼ਟ, ਨਵੀਂ ਦਿੱਲੀ ਵਿਖੇ ਇੱਕ ਸ਼ਿਕਾਇਤ File no-B-3/Punjab-22/2021/SSW-I ਦਾਇਰ ਕੀਤੀ ਗਈ ਸੀ ਜਿਸ ਵਿੱਚ ਮਾਨਯੋਗ ਕਮਿਸ਼ਨ ਵੱਲੋਂ ਮਿਤੀ-14.09.2021 ਨੂੰ ਹੁਕਮ ਜਾਰੀ ਕੀਤੇ ਗਏ ਹਨ ਕਿ ਸ਼ਿਕਾਇਤ ਕਰਤਾ ਦੀ ਸ਼ਿਕਾਇਤ ਦਾ ਤੁਰੰਤ ਨਿਪਟਾਰਾ ਕਰਦੇ ਹੋਏ ਉਸਨੂੰ ਬਣਦੇ ਲਾਭ ਦਿੱਤੇ ਜਾਣ। ਮਾਨਯੋਗ ਨੈਸ਼ਨਲ ਕਮਿਸ਼ਨ ਫਾਰ ਸ਼ਡਿਊਲ ਕਾਸ਼ਟ, ਨਵੀਂ ਦਿੱਲੀ ਦੇ ਇਹਨਾਂ ਹੁਕਮਾਂ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਾਇਰ ਉਕਤ ਰਿਟ ਪਟੀਸ਼ਨ ਦੇ ਮੱਦੇਨਜਰ ਨਗਰ ਨਿਗਮ ਵੱਲੋਂ ਉਕਤ ਪਟੀਸ਼ਨ ਵਿੱਚ ਨਗਰ ਨਿਗਮ ਦੇ ਵਕੀਲ ਸ਼੍ਰੀਮਤੀ ਅਨੂ ਚਤਰੱਥ, ਸੀਨੀਅਰ ਐਡਵੋਕੇਟ ਦੀ ਰਾਏ ਲਈ ਗਈ, ਜਿਹਨਾਂ ਵੱਲੋਂ ਆਪਣੇ ਰਾਏ ਮਿਤੀ-07.03.2022 ਵਿੱਚ ਲਿਖਿਆ ਹੈ ਕਿ:-<br>"Perusal of these details shows that the petitioners became the member of the cadre of Pump Operator/Asst. Pump Driver now called Jr. Technician on 11.03.2022 whereas, all private respondents became member of the cadre on 08.05.2022 and as such private respondents are junior to the petitioners. As per statutory rules as well as settled law the seniority is to be taken into account from the date of regular appointment/absorption on regular basis and as such the undersigned is of the view that tentative seniority list dated 21.06.2017 need to be reconsidered and prepared by taking into account the date of regular appointment/absorption on regular basis."<br>ਇਥੇ ਦੱਸਣਯੋਗ ਹੈ ਕਿ ਨਗਰ ਨਿਗਮ ਵੱਲੋਂ ਨਗਰ ਨਿਗਮ ਵਿਖੇ ਕੰਮ ਕਰਦੇ ਪੰਪ ਅਪਰੇਟਰਾਂ ਅਤੇ ਸਹਾਇਕ ਪੰਪ ਅਪਰੇਟਰਾਂ ਦੀ ਮਿਤੀ 21.06.2017 ਨੂੰ ਜੋ ਅੰਤਿਮ ਸੀਨੀਅਰਤਾ ਸੂਚੀ ਜਾਰੀ ਕੀਤੀ ਗਈ ਸੀ, ਉਸ ਦੀ ਘੋਖ ਕਰਨ ਤੋਂ ਪਤਾ ਚਲਦਾ ਹੈ ਕਿ ਸੀਨੀਅਰਤਾ ਸੂਚੀ ਵਿੱਚ ਕਰਮਚਾਰੀਆਂ ਦੀ ਨਿਯੁਕਤੀ/ਰੈਗੂਲਰ ਹੋਣ ਦੀ ਮਿਤੀ ਦੀ ਬਜਾਏ ਕਰਮਚਾਰੀ ਦੀ ਡੈਜੀਗਨੇਸ਼ਨ ਭਾਵ ਪੰਪ ਅਪਰੇਟਰ ਜਾਂ ਸਹਾਇਕ ਪੰਪ ਅਪਰੇਟਰ ਨੂੰ ਆਧਾਰ ਬਣਾਇਆ ਗਿਆ ਹੈ, ਜਿਸ ਕਾਰਨ ਉਕਤ ਦਰਸ਼ਾਈ ਲੀਗਲ ਰਾਏ ਅਨੁਸਾਰ ਮਿਤੀ 21.06.2017 ਨੂੰ ਜਾਰੀ ਸੀਨੀਅਰਤਾ ਸੂਚੀ ਤੇ ਨਵੇਂ ਸਿਰੇ ਤੋਂ ਵਿਚਾਰਦੇ ਹੋਏ ਲੋੜੀਂਦੀ ਸੋਧ ਕਰਨੀ ਬਣਦੀ ਹੈ। ਮਿਤੀ 21.06.2017 ਨੂੰ ਜਾਰੀ ਸੀਨੀਅਰਤਾ ਸੂਚੀ ਨੂੰ ਨਗਰ ਨਿਗਮ ਦੇ ਹਾਉਸ ਵੱਲੋਂ ਮਤੇ ਰਾਹੀਂ ਪ੍ਰਵਾਨਗੀ ਦਿੱਤੀ ਗਈ ਸੀ ਇਸ ਲਈ ਇਸ ਵਿੱਚ ਕਿਸੇ ਪ੍ਰਕਾਰ ਦੀ ਸੋਧ ਨਗਰ ਨਿਗਮ ਦੇ ਹਾਉਸ ਦੀ ਪ੍ਰਵਾਨਗੀ ਨਾਲ ਹੀ ਕੀਤੀ ਜਾ ਸਕਦੀ ਹੈ। ਇਨ੍ਹਾਂ ਤੱਥਾਂ ਦੇ ਮੱਦੇਨਜਰ ਤਜਵੀਜ਼ ਪੇਸ਼ ਕੀਤੀ ਜਾਂਦੀ ਹੈ ਕਿ ਉਕਤ ਦਰਸ਼ਾਈ ਸੀਨੀਅਰਤਾ ਸੂਚੀ ਵਿੱਚ ਸ਼ਾਮਿਲ ਕਰਮਚਾਰੀਆਂ ਨੂੰ ਜੂਨਿਅਰ ਟੈਕਨੀਸ਼ੀਅਨ ਮੰਨਦੇ ਹੋਏ ਉਨ੍ਹਾਂ ਦੀ | |

| | | | | |
|---|---|---|---|---|
| | | | ਨਿਯੁਕਤੀ/ਰੈਗੂਲਰ ਹੋਣ ਦੀ ਮਿਤੀ ਨੂੰ ਆਧਾਰ ਮੰਨਦੇ ਹੋਏ ਸੋਧੀ ਹੋਈ ਸੀਨੀਅਰਤਾ ਸੂਚੀ ਤਿਆਰ ਕੀਤੀ ਜਾਵੇ ਅਤੇ ਅਜਿਹਾ ਕਰਨ ਦੀ ਪ੍ਰਵਾਨਗੀ ਦੇਣ ਲਈ ਕੇਸ ਨਗਰ ਨਿਗਮ ਦੇ ਹਾਉਸ ਦੀ ਮੀਟਿੰਗ ਵਿੱਚ ਵਿਚਾਰ/ਪ੍ਰਵਾਨਗੀ ਹਿੱਤ ਪੇਸ਼ ਕੀਤਾ ਜਾਵੇ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 9) | 118 | 21-03-2022 | **ਤਰਸ ਦੇ ਆਧਾਰ ਤੇ ਸੇਵਾਦਾਰ ਦੀ ਅਸਾਮੀ ਤੇ ਨਿਯੁਕਤ ਕਰਨ ਸਬੰਧੀ।**<br>ਰਿਪੋਰਟ ਅਮਲਾ ਸਾਖਾ ਕਿ ਸ੍ਰੀਮਤੀ ਕਿਰਨਜੀਤ ਕੌਰ ਪਤਨੀ ਸ੍ਰੀ ਗੁਰਮੁੱਖ ਸਿੰਘ,ਫਿਟਰ ਹੈਲਪਰ, ਵੀ.ਪੀ.ਓ.ਰਾਮਪੁਰ, ਤਹਿਸੀਲ ਫਤਿਹਗੜ੍ਹ ਸਾਹਿਬ ਵੱਲੋਂ ਬੇਨਤੀ ਪੱਤਰ ਦਿੱਤਾ ਗਿਆ ਹੈ ਕਿ ਉਨ੍ਹਾ ਦੇ ਪਤੀ ਸ੍ਰੀ ਗੁਰਮੁੱਖ ਸਿੰਘ ਬਤੌਰ ਫਿਟਰ ਹੈਲਪਰ ਕੰਮ ਨੂੰ ਨਿਯਮਾਂ ਅਨੁਸਾਰ ਤਰਸ ਦੇ ਆਧਾਰ ਤੇ ਨੌਕਰ ਦੇਣ ਦੀ ਦੀ ਕ੍ਰਿਪਾਲਤਾ ਕੀਤੀ ਜਾਵੇ।<br>ਉਕਤ ਸਬੰਧੀ ਬੇਨਤੀ ਹੈ ਕਿ ਮਾਨਯੋਗ ਸਪੈਸ਼ਨ ਚੀਫ ਸਕੱਤਰ, ਲੋਕਲ ਬਾਡੀਜ ਜੀ ਦੀ ਮਿਤੀ: 01-09-2020 ਦੀ ਪ੍ਰਵਾਨਗੀ ਹੇਠ ਹੋਈ ਮੀਟਿੰਗ ਵਿੱਚ ਲਏ ਫੈਸਲਿਆਂ ਅਨੁਸਾਰ ਨਗਰ ਨਿਗਮ ਵੱਲੋਂ ਇੰਡ .ਫੋਕਲ ਪੁਆਇੰਟ ਅਤੇ 8 ਬੀ (ਸੈਕਟਰ-74 ਅਤੇ 75) ਦੀਆਂ ਸੜਕਾ, ਹਾਰਟੀਕਲਚਰ ਹੈਲਥ ਸੇਵਾਵਾ ਆਦਿ ਪੀ.ਐਸ.ਆਈ.ਸੀ.ਸੀ.ਵਿਭਾਗ ਵੱਲੋਂ ਇਸ ਨਗਰ ਨਿਗਮ ਨੂੰ ਟਰਾਸਫਰ ਕਰਨ ਸਬੰਧੀ ਇਸ ਨਗਰ ਨਿਗਮ ਵੱਲੋਂ ਮਤਾ ਨੰ: 173 ਮਿਤੀ: 19-03-2021 ਪਾਸ ਕਰਕੇ, ਜਿਸ ਵਿੱਚ ਪੀ.ਐਸ.ਆਈ.ਈ.ਸੀ. ਵਿਭਾਗ ਦੇ 9 ਕਰਮਚਾਰੀਆਂ ਨੂੰ ਇਸ ਨਗਰ ਨਿਗਮ ਵਿਖੇ ਟਰਾਸਫਰ ਕਰਨ ਸਬੰਧੀ ਤਜਵੀਜ ਪੇਸ਼ ਕੀਤੀ ਗਈ ਸੀ। ਜਿਸ ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ: ਸ5-ਡਸਸ-ਮਸਸ/2021/44937 ਮਿਤੀ: 1-11-2021 ਰਾਂਹੀ ਪ੍ਰਵਾਨਗੀ ਮਿਲ ਗਈ। ਜਿਸ ਉਪਰੰਤ ਪੀ.ਐਸ.ਆਈ.ਈ.ਸੀ ਵੱਲੋਂ ਇਸ ਨਗਰ ਨਿਗਮ ਵਿਖੇ 9 ਕਰਮਚਾਰੀ ਟਰਾਸਫਰ ਕੀਤੇ ਗਏ ਸਨ, ਜਿਨ੍ਹਾ ਵਿੱਚੋਂ ਇੱਕ ਕਰਮਚਾਰੀ ਸ੍ਰੀ ਗੁਰਮੁੱਖ ਸਿੰਘ, ਫਿਟਰ ਹੈਲਪਰ ਵੀ ਸਨ। ਸ੍ਰੀ ਗੁਰਮੁੱਖ ਸਿੰਘ, ਫਿਟਰ ਹੈਲਪਰ ਵੱਲੋਂ ਇਸ ਨਗਰ ਨਿਗਮ ਵਿਖੇ ਮਿਤੀ: 08-09-2021 ਨੂੰ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕੀਤੀ।<br>ਇਥੇ ਇਹ ਦੱਸਣਯੋਗ ਹੈ ਕਿ ਪੰਜਾਬ ਸਰਕਾਰ ਦੇ ਪਰਸੋ਼ਨਲ ਵਿਭਾਗ ਦੇ ਸਰਕੂਲਰ ਪੱਤਰ ਨੰ: 11/27/94-2 ਪੀ.ਪੀ.1/2364 ਮਿਤੀ: 05-02-1996 ਅਤੇ ਪਰਸੋਨਲ ਵਿਭਾਗ ਦੇ ਪੱਤਰ ਨੰ: 11/105/98-4 ਪੀ.ਪੀ.II/14420 dt: 21-11-2011 ਅਨੁਸਾਰ ਜੇਕਰ ਕਿਸੇ ਕਰਮਚਾਰੀ ਦੀ ਮੌਤ ਉਸਦੇ ਸੇਵਾ ਵਿੱਚ ਹੁੰਦੇ ਹੋ ਜਾਂਦੀ ਹੈ ਤਾ ਉਸਦੇ ਇੱਕ ਕਾਨੂੰਨੀ ਵਾਰਸ ਨੂੰ ਤਰਸ ਦੇ ਆਧਾਰ ਤੇ ਦਰਜਾ-3 ਜਾਂ 4 ਦੀ ਅਸਾਮੀ ਤੇ ਨਿਯੁਕਤ ਕੀਤਾ ਜਾ ਸਕਦਾ ਹੈ ਅਤੇ ਡਿਪਟੀ ਕਮਿਸ਼ਨਰ ਦੇ ਪੱਤਰ ਨੰਬਰ 16588-689/ਐਮ.ਸੀ.-5 ਮਿਤੀ: 27-10-2017 ਰਾਂਹੀ ਜਾਰੀ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਜੀ ਵੱਲੋਂ ਹਦਾਇਤ ਕੀਤੀ ਗਈ ਹੈ ਕਿ "Compassionate Appointment" ਦੇਣ ਸਬੰਧੀ (ਜੇਕਰ ਕਿਸੇ ਕੇਸ ਵਿੱਚ ਕੋਈ ਸੱਕ ਹੋਵੇ ਜਾਂ ਜਿਥੇ ਨਿਰਭਰ ਦਾਅਵੇਦਾਰ ਇੱਕ ਤੋਂ ਵੱਧ ਹੋਣ) ਤਾਂ ਹੀ ਨਿਯੁਕਤੀ ਅਧਿਕਾਰੀ ਅਜਿਹੇ ਕੇਸ ਸਪੱਸ਼ਟ ਕਾਰਨ ਦੱਸਦੇ ਹੋਏ ਜਿਲ੍ਹਾ ਮੈਜਿਸਟਰੇਟ ਨੂੰ ਰੈਫਰ ਕਰ ਸਕਦਾ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬੇਲੋੜੇ ਮੰਤਵ ਲਈ ਕੇਸ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਨਾ ਭੇਜੇ ਜਾਣ। ਮ੍ਰਿਤਕ ਸ੍ਰੀ ਗੁਰਮੁੱਖ ਸਿੰਘ,ਫਿਟਰ ਹੈਲਪਰ ਦੇ ਵਾਰਸਾਂ ਦੀ ਆਮਦਨ ਦੇ ਸਰੋਤਾਂ ਬਾਰੇ ਓ.ਐਂਡ.ਐਮ ਸਾਖਾ ਤੋ ਰਿਪੋਰਟ ਲਈ ਗਈ। ਰਿਪੋਰਟ ਅਨੁਸਾਰ ਸ੍ਰੀ ਗੁਰਮੁੱਖ | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

<table>
<tr>
<td></td>
<td></td>
<td></td>
<td>ਸਿੰਘ, ਫੀਟਰ ਹੈਲਪਰ ਦੇ ਪਰਿਵਾਰ ਦੀ ਆਮਦਨ ਦਾ ਕੋਈ ਸਰੋਤ ਨਹੀ ਹੈ। ਮ੍ਰਿਤਕ ਸ੍ਰੀ ਗੁਰਮੁੱਖ ਸਿੰਘ, ਫੀਟਰ ਹੈਲਪਰ ਦੇ ਪੁੱਤਰ ਸ੍ਰੀ ਦਵਿੰਦਰ ਸਿੰਘ ਦੀ ਵਿਦਿਅਕ ਯੋਗਤਾ 12 ਵੀਂ ਕਲਾਸ ਪਾਸ ਹੈ। ਇਸ ਨਗਰ ਨਿਗਮ ਵਿਖੇ ਫਿਟਰ ਹੈਲਪਰ ਦੀ ਕੋਈ ਅਸਾਮੀ ਪ੍ਰਵਾਨਤ ਨਹੀ ਹੈ। ਇਸ ਨਗਰ ਨਿਗਮ ਵਿਖੇ ਫੀਟਰ ਦੀਆਂ 5 ਅਸਾਮੀਆਂ ਪ੍ਰਵਾਨਤ ਹਨ, ਜੋ ਕਿ ਇਸ ਸਮੇਂ ਖਾਲੀ ਪਈਆਂ ਹਨ, ਪ੍ਰੰਤੂ ਫੀਟਰ ਦੀ ਅਸਾਮੀ ਲਈ ਯੋਗਤਾ ਹੇਠ ਲਿਖੇ ਅਨੁਸਾਰ ਹੈ:-<br>"For 100% Posts.<br>Must possess 2 years ITI certificate in Fitter Trade and should have passed matriculation examination with punjabi as one of the Compulsory or Elective subject or any other equivalent examination in Punjbai Language, which may be specified by th Government from time to time."<br>ਇਸ ਲਈ ਸ੍ਰੀ ਦਵਿੰਦਰ ਸਿੰਘ ਪੁੱਤਰ ਸ੍ਰੀ ਗੁਰਮੁੱਖ ਸਿੰਘ ਫਿਟਰ ਦੀ ਅਸਾਮੀ ਲਈ ਯੋਗਤਾ ਨਹੀਂ ਰੱਖਦਾ, ਇਸ ਲਈ ਉਸਨੂੰ ਫਿਟਰ ਦੀ ਅਸਾਮੀ ਲਈ ਵਿਚਾਰਿਆ ਨਹੀ ਜਾ ਸਕਦਾ। ਇਸ ਨਗਰ ਨਿਗਮ ਵਿਖੇ ਸੇਵਾਦਾਰ ਦੀਆਂ 40 ਅਸਾਮੀਆਂ ਪ੍ਰਵਾਨਤ ਹਨ,ਜਿਨ੍ਹਾ ਵਿੱਚੋਂ 18 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 22 ਅਸਾਮੀਆਂ ਖਾਲੀ ਪਈਆ ਹਨ। ਸੇਵਾਦਾਰ ਦੀ ਅਸਾਮੀ ਲਈ ਵਿਦਿਅਕ ਯੋਗਤਾ ਦਸਵੀ ਪਾਸ ਹੈ ਅਤੇ ਪ੍ਰਾਰਥੀ ਦੀ ਵਿਦਿਅਕ ਯੋਗਤਾ ਬਾਰਵੀ ਪਾਸ ਹੈ। ਇਸ ਲਈ ਉਸਨੂੰ ਉਸਦੇ ਪਿਤਾ ਦੀ ਥਾਂ ਤਰਸ ਦੇ ਆਧਾਰ ਤੇ ਸੇਵਾਦਾਰ ਦੀ ਅਸਾਮੀ ਤੇ ਨਿਯੁਕਤੀ ਲਈ ਵਿਚਾਰੀਆਂ ਜਾ ਸਕਦਾ ਹੈ।<br>ਉਪਰੋਕਤ ਤੱਥਾਂ ਦੇ ਮੱਦੇਨਜਰ਼ ਜੇਕਰ ਪ੍ਰਵਾਨ ਹੋਵੇ ਤਾਂ ਸ੍ਰੀ ਦਵਿੰਦਰ ਸਿੰਘ ਪੁੱਤਰ ਸ੍ਰੀ ਗੁਰਮੁੱਖ ਸਿੰਘ, ਫੀਟਰ ਹੈਲਪਰ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿਘ ਨਗਰ ਵਾਸੀ ਪਿੰਡ ਰਾਮਪੁਰ, ਤਹਿ: ਵਾਂ ਜਿਲ੍ਹਾ ਫਤਿਹਗੜ੍ਹ ਸਾਹਿਬ ਨੂੰ ਉਸਦੇ ਪਿਤਾ ਮ੍ਰਿਤਕ ਸ੍ਰੀ ਗੁਰਮੁੱਖ ਸਿੰਘ ਦੀ ਥਾਂ ਤੇ ਤਰਸ ਦੇ ਆਧਾਰ ਤੇ ਬਤੌਰ ਸੇਵਾਦਾਰ ਨਿਯੁਕਤ ਕਰਨ ਤੇ ਵਿਚਾਰ ਕਰਨ ਬਤੌਰ ਸੇਵਾਦਾਰ ਨਿਯੁਕਤ ਕਰਨ ਤੇ ਵਿਚਾਰ ਕਰਨ ਲਈ ਰਿਪੋਰਟ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਵਿੱਚ ਵਿਚਾਰਨ ਹਿੱਤ ਭੇਜਣ ਲਈ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td>
<td></td>
</tr>
<tr>
<td>10)</td>
<td>119</td>
<td>21-03-2022</td>
<td>ਨਗਰ ਨਿਗਮ ਵਿਖੇ ਸਟਾਫ ਗੱਡੀਆਂ ਹਾਇਰ ਕਰਨ ਸੰਬਧੀ।<br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦਫਤਰ ਵਿਖੇ ਕਾਰਪੋਰੇਸ਼ਨ ਇੰਜੀਨੀਅਰਾਂ ਵੱਲੋਂ ਸ਼ਹਿਰ ਵਿੱਚ ਚੱਲ ਰਹੇ ਵੱਖ ਵੱਖ ਤਰ੍ਹਾਂ ਦੇ ਡਿਵਲਪਮੈਂਟਾਂ ਦੇ ਕੰਮਾਂ ਦਾ ਰੋਜਾਨਾ ਨਿਰੀਖਣ ਲਈ ਸਾਈਟਾਂ ਤੇ ਮੋਕਾ ਚੈੱਕ ਕਰਨ ਜਾਇਆ ਜਾਂਦਾ ਹੈ। ਇਥੇ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਵਿਖੇ ਕੁੱਲ 8 ਸਟਾਫ ਗੱਡੀਆਂ ਹਨ, ਜੋ ਕਿ ਦਫਤਰ ਦੇ ਵੱਖ ਵੱਖ ਅਧਿਕਾਰੀਆਂ/ਬਰਾਚਾਂ ਵੱਲੋਂ ਵਰਤੀ ਜਾਂਦੀਆਂ ਹਨ।ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਗੱਡੀ ਨੰ:</th><th>ਅਧਿਕਾਰੀ/ਬਰਾਚ</th></tr>
<tr><td>1)</td><td>PB 65 AD1697 (INNOVA)</td><td>ਮੇਅਰ, ਨਗਰ ਨਿਗਮ</td></tr>
<tr><td>2)</td><td>PB 65 U 4535 (INNOVA)</td><td>ਕਮਿਸ਼ਨਰ,ਨਗਰ ਨਿਗਮ</td></tr>
<tr><td>3)</td><td>PB 65 Z 9601 (BOLERO)</td><td>ਨਿਗਰਾਨ ਇੰਜੀਨੀਅਰ</td></tr>
</table></td>
<td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | |
|---|---|---|
| 4) | PB 65 Z 6501 (BOLERO) | **ਇਹ ਗੱਡੀ ਇੰਜੀਨੀਅਰਿੰਗ ਸਾਖਾ ਅਤੇ ਬਿਲਡਿੰਗ ਸਾਖਾ ਵੱਲੋਂ ਵਰਤੀ ਜਾਂਦੀ ਹੈ।** |
| 5) | PB 65 N 6500 (AMBASSEDOR) | ਐਮ.ਓ.ਐਚ ਅਤੇ ਸਕੱਤਰ |
| 6) | PB 65 E 0155 ( AMBASSEDOR) | ਸ੍ਰੀ ਮੁਕੇਸ਼ ਗਰਗ, ਚੀਫ ਇੰਜੀਨੀਅਰ, ਮੁੱਖ ਦਫਤਰ ਸਥਾਨਕ ਸਰਕਾਰ ਵਿਭਾਗ |
| 7) | PB 65 Z 9607 (BOLERO CAMPER) | ਤਹਿਬਜਾਰੀ ਸਾਖਾ |
| 8) | PB 65 C 0108 (AMBASSEDOR) | ਇਹ ਗੱਡੀ ਪ੍ਰੋਪਰਟੀ ਟੈਕਸ, ਐਡਵਰਟਾਈਜਮੈਂਟ, ਲੀਗਲ, ਕੇਅਰ ਟੇਕਰ, ਜਰਨਲ ਬਰਾਂਚ, ਸੈਨੀਟੇਸ਼ਨ ਬਰਾਂਚ, ਟਾਊਨ ਪਲਾਨਿੰਗ ਬਰਾਂਚ ਵੱਲੋ ਜਰੂਰਤ ਅਨੁਸਾਰ ਹੋਰ ਦਫਤਰੀ ਕੰਮਾਂ ਲਈ ਸਾਝੇ ਤੋਰ ਤੇ ਵਰਤੀ ਜਾਂਦੀ ਹੈ। |

ਇਥੇ ਇਹ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਵਿਖੇ ਮੋਜੂਦਾ ਸਮੇਂ ਵਿੱਚ ਸ਼ਹਿਰ ਵਿੱਚ ਡਿਵਲਪਮੈਂਟ ਦੇ ਕੰਮ ਅਤੇ ਦਫਤਰੀ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ 04 ਕਾਰਪੋਰੇਸ਼ਨ ਇੰਜੀਨੀਅਰ ਤੈਨਾਤ ਹਨ, **(ਜਿਸ ਵਿੱਚ 1 ਓ.ਐਡ.ਐਮ, 1 ਬਿਜਲੀ ਅਤੇ 2 ਸਿਵਲ) ਅਤੇ ਇਸ ਤੋਂ ਇਲਾਵਾ 1 ਐਮ.ਟੀ.ਪੀ ਅਤੇ 1 ਆਰਕੀਟੈਕਟ ਦੀਆਂ ਅਸਾਮੀਆਂ ਹਨ।** ਸ਼ਹਿਰ ਵਿੱਚ ਵੱਖ ਵੱਖ ਤਰ੍ਹਾਂ ਦੇ ਡਿਵਲਪਮੈਂਟ ਦੇ ਕੰਮ ਇੱਕੋ ਸਮੇਂ ਦੋਰਾਨ ਚੱਲਦੇ ਹਨ।ਜਿੰਨ੍ਹਾਂ ਨੂੰ ਕਾਰਪੋਰੇਸ਼ਨ ਇੰਜੀਨੀਅਰਾਂ ਵੱਲੋਂ ਰੋਜ਼ਾਨਾ ਨਿਰੀਖਣ ਕਰਨ ਲਈ ਜਾਣ ਵਿੱਚ ਸਟਾਫ ਗੱਡੀਆਂ ਦੀ ਘਾਟ ਹੋਣ ਕਾਰਨ ਦਿੱਕਤ ਪੇਸ਼ ਆਉਦੀ ਹੈ। ਇਸ ਲਈ ਉਕਤ ਤੱਥਾ ਨੂੰ ਮੁੱਖ ਰੱਖਦੇ ਹੋਏ ਦਫਤਰ ਵਿੱਚ ਤੈਨਾਤ ਕਾਰਪੋਰੇਸ਼ਨ ਇੰਜੀਨੀਅਰਾਂ, **ਐਮ.ਟੀ.ਪੀ ਅਤੇ ਆਰਕੀਟੈਕਟ** ਲਈ ਸਾਈਟ ਤੇ ਜਾਣ ਲਈ 05 ਮਹਿੰਦਰਾਂ ਬਲੈਰੋ/ **ਹੋਡਾਂ ਅਮੈਜ/ ਸਵੀਫਟ ਡਿਜਾਇਰ ਆਦਿ** ਗੱਡੀਆਂ ਮਾਰਕਿਟ ਵਿੱਚੋਂ ਹਾਇਰ ਕਰਨੀਆਂ ਯੋਗ ਹੋਣਗੀਆਂ।

ਇਥੇ ਦੱਸਣਯੋਗ ਹੈ ਕਿ ਡਿਪਾਰਟਮੈਂਟ ਆਫ ਟਰਾਂਸਪੋਰਟ, ਪੰਜਾਬ ਸਰਕਾਰ ਵੱਲੋਂ ਮਾਰਕਿੱਟ ਵਿਚੋਂ ਪ੍ਰਾਈਵੇਟ ਵਹੀਕਲਜ਼ ਹਾਇਰ ਕਰਨ ਲਈ ਆਪਣੇ ਪੱਤਰ ਨੰ: 2/10/91-4T2/752-757 ਮਿਤੀ 18-06-21 ਰਾਹੀਂ ਰੇਟ ਫਿਕਸ਼ ਕੀਤੇ ਗਏ ਹਨ(ਕਾਪੀ ਨਾਲ ਨੱਥੀ ਹੈ)।ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਕੀਤੇ ਗਏ ਪੱਤਰ ਮੁਤਾਬਿਕ ਕਾਰਪੋਰੇਸ਼ਨ ਇੰਜੀਨੀਅਰਾਂ ਲਈ 5 ਮਹਿੰਦਰਾਂ ਬਲੈਰੋ/ **ਹੋਡਾਂ ਅਮੈਜ/ ਸਵੀਫਟ ਡਿਜਾਇਰ ਆਦਿ** ਗੱਡੀਆਂ ਹਾਇਰ ਕਰਨ ਲਈ ਗਰੁੱਪ 2 ਅਧੀਨ ਲਏ ਗਏ ਰੇਟਾ ਮੁਤਾਬਿਕ ਮਾਰਕਿੱਟ ਵਿੱਚੋਂ ਹੇਠ ਲਿਖੇ ਅਨੁਸਾਰ ਰਕਮ ਤੇ ਹਾਇਰ **ਕੀਤੀਆ ਜਾ ਸਕਦੀਆਂ** ਹਨ:-

| Type of Vehicles | Monthly rates(2000 Km per month) | Charges for extraKms | Night Halting |
|---|---|---|---|

| | Fuel charges (2000 Kms) | Other Charges (Driver, Maintenance, insurance, Road Tax and License Chargesetc) | Total | (over 2000 Km per month) in Rs. per Km | Charges (if vehicles travel out of station) |
|---|---|---|---|---|---|
| Group 2 Cost of the vehicles ranging from Rs. 8 lacs to 10 lacs (Gem prices/ex-showroom price) | 10,000 | 25,000 | 35,000 | 11.50 | 200 |

ਨਗਰ ਨਿਗਮ ਵੱਲੋਂ ਜੇਕਰ ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਕੀਤੇ ਗਏ ਪੱਤਰ ਮੁਤਾਬਿਕ ਮਾਰਕਿੱਟ ਵਿਚੋਂ 5 ਮਹਿੰਦਰਾ ਬਲੈਰੋ ਜੋ ਕਿ ਉਕਤ ਦਰਸਾਏ ਗਏ ਗਰੁੱਪ 2 ਵਿੱਚ ਆਉਂਦੀਆਂ ਹਨ, ਤਿੰਨ ਸਾਲ ਲਈ ਹਾਇਰ ਕੀਤੇ ਜਾਣ ਤੇ ਆਉਣ ਵਾਲੇ ਖਰਚੇ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| Description | Unit | Quantity | Duration in months | Rate per month | Amount |
|---|---|---|---|---|---|
| Mohindera Bolero | Nos. | 5 | 12 | 35,000 | 21,00,000/- |

ਨਗਰ ਨਿਗਮ ਵੱਲੋਂ ਜੇਕਰ 5 ਮਹਿੰਦਰਾਂ ਬਲੈਰੋ/ **ਹੋਡਾਂ ਅਮੈਜ/ ਸਵੀਫਟ ਡਿਜਾਇਰ ਆਦਿ** ਗੱਡੀਆਂ ਮਾਰਕਿੱਟ ਵਿਚੋਂ 1 ਸਾਲ ਲਈ ਹਾਇਰ ਕਰਨ ਤੇ 21,00,000/- ਰੁਪਏ + applicable taxes ਖਰਚਾ ਆਉਣ ਦੀ ਸੰਭਾਵਨਾ ਹੈ। **ਪ੍ਰਾਈਵੇਟ ਵਹੀਕਲ ਲੈਣ ਲਈ ਠੇਕੇਦਾਰ ਨਾਲ ਪਹਿਲਾਂ ਇੱਕ ਸਾਲ ਦੇ ਸਮੇਂ ਲਈ ਐਗਰੀਮੈਂਟ ਕੀਤਾ ਜਾਵੇਗਾ ਜਿਸਨੂੰ ਤਸਲੀਬਖਸ ਸਰਵਿਸ ਪਾਏ ਜਾਣ ਤੇ ਦੋ ਵਾਰ ਸਾਲ ਦਰ ਸਾਲ ਵਾਧਾ ਕੀਤਾ ਜਾ ਸਕੇਗਾ। ਇਸ ਤਰਾਂ ਇੱਕ ਵਹੀਕਲ ਵੱਧ ਤੋਂ ਵੱਧ 3 ਸਾਲ ਦੇ ਸਮੇਂ ਲਈ ਕਿਰਾਏ ਤੇ ਲਿਆ ਜਾ ਸਕੇਗਾ। 3 ਸਾਲ**

| | | | | |
|---|---|---|---|---|
| | | | **ਦੇ ਸਮੇ ਉਪਰੰਤ ਦੁਬਾਰਾ ਟੈਂਡਰ ਕਰਨਾ ਹੋਵੇਗਾ।** ਸੋ ਉਕਤ ਮੁਤਾਬਿਕ ਸਟਾਫ ਗੱਡੀਆਂ ਦੀ ਘਾਟ ਨੂੰ ਮੁੱਖ ਰੱਖਦਿਆਂ ਹੋਇਆ ਮਾਰਕਿੱਟ ਵਿਚੋਂ 1 ਸਾਲ ਲਈ ਮਹਿੰਦਰਾਂ ਬਲੈਰੋ/ **ਹੋਡਾਂ ਅਮੈਜ/ ਸਵੀਫਟ ਡਿਜਾਇਰ ਆਦਿ** ਗੱਡੀਆਂ ਹਾਇਰ ਕਰਨ ਲਈ ਰਿਪੋਰਟ ਅਗਲੇਰੇ ਯੋਗ ਹੁਕਮਾਂ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |

ਸਹੀ/–
ਮੇਅਰ,
ਨਗਰ ਨਿਗਮ, ਐਸ.ਏ.ਐਸ ਨਗਰ।